SBI LIFE- eShield
A PURE TERM INSURANCE PLAN
UIN: 111N089V04

SBI Life INSURANCE
With Us, You're Sure

ਐਸਬੀਆਈ ਲਾਈਫ਼ – ਈਸ਼ੀਲਡ ਇਕ ਵਿਅਕਤੀਗਤ, ਨੌਨ–ਲਿੰਕਡ, ਨੌਨ–ਪਾਰਸੀਪੇਟਿੰਗ, ਪਿਓਰ ਰਿਸਕ ਪ੍ਰੀਮੀਅਮ ਜੀਵਨ ਬੀਮਾ ਪਾਲਸੀ ਹੈ। ਇਹ ਟੈਕਨਾਲੋਜੀ ਦੇ ਸ਼ੌਕੀਨ, ਪੜ੍ਹੇ–ਲਿਖੇ, ਹਾਈ ਨੈਟ ਵਰਥ ਵਾਲ਼ੇ ਅਜਿਹੇ ਵਿਅਕਤੀਆਂ ਲਈ ਤਿਆਰ ਕੀਤਾ ਗਿਆ ਹੈ, ਜੋ ਪਿਓਰ ਪ੍ਰੋਟੈਕਸ਼ਨ ਕਵਰ ਚਾਹੁੰਦੇ ਹਨ। ਇਹ ਪਲਾਨ ਦੋ ਫ਼ਾਇਦਿਆਂ ਵਾਲ਼ੇ ਢਾਂਚੇ ਨਾਲ਼ ਮਿਲ਼ਦੀ ਹੈ। ਲੇਵਲ ਕਵਰ, ਜਿੱਥੇ ਪਾਲਸੀ ਦੀ ਪੂਰੀ ਮਿਆਦ ਦੇ ਦੌਰਾਨ ਸੁਰੱਖਿਆ ਦੀ ਰਕਮ ਸਥਿਰ ਰਹਿੰਦੀ ਹੈ ਅਤੇ ਇੰਕ੍ਰੀਜ਼ਿੰਗ ਕਵਰ, ਜਿਸ ਵਿੱਚ ਸੁਰੱਖਿਆ ਦੀ ਰਕਮ ਸਮੇਂ ਦੇ ਨਾਲ਼ ਵਧਦੀ ਰਹਿੰਦੀ ਹੈ। ਇਹ ਪਲਾਨ ਇਨ ਬਿਲਟ ਐਕਸਿਲਰੇਟੇਡ ਟਰਮੀਨਲ ਇਲਨੈਸ ਲਾਭ ਅਤੇ ਚੁਣੇ ਗਏ ਰਾਈਡਰਜ਼ ਲਈ ਵਾਧੂ ਪ੍ਰੀਮੀਅਮ ਭਰ ਕੇ ਸੁਰੱਖਿਆ ਦਾ ਘੇਰਾ ਵਧਾਉਣ ਦਾ ਵਿਕਲਪ ਵੀ ਦਿੰਦਾ ਹੈ।

## ਐਸਬੀਆਈ ਲਾਈਫ਼ – ਈਸ਼ੀਲਡ ਕਿਉਂ?

- ਤੁਹਾਡੇ ਪਰਿਵਾਰ ਲਈ ਵਾਜਬ ਖ਼ਰਚੇ ਤੇ ਸੁਰੱਖਿਆ
- ਲਾਈਫ਼ ਕਵਰ ਪਾਉਣ ਲਈ ਸੌਖੀ ਅਤੇ ਨਿਰੰਤਰ ਔਨਲਾਈਨ ਕਾਰਵਾਈ
- ਲੇਵਲ ਕਵਰ ਅਤੇ ਇੰਕ੍ਰੀਜ਼ਿੰਗ ਕਵਰ ਦਾ ਦੋ ਲਾਭਾਂ ਵਾਲ਼ਾ ਢਾਂਚਾ, ਜੋ ਤੁਹਾਡੀ ਪਸੰਦ ਅਨੁਸਾਰ ਸੁਰੱਖਿਆ ਦਿੰਦਾ ਹੈ। ਚੁਣੇ ਗਏ ਵਿਕਲਪ ਦੇ ਆਧਾਰ ਤੇ ਪ੍ਰੀਮੀਅਮ ਦੀ ਰਕਮ ਵੱਖ–ਵੱਖ ਹੁੰਦੀ ਹੈ।
- ਦੋਹਾਂ ਲਾਭ ਦੇ ਢਾਂਚਿਆਂ ਅਧੀਨ ਇਨ ਬਿਲਟ ਐਕਸਿਲਰੇਟੇਡ ਟਰਮੀਨਲ ਇਲਨੈਸ ਲਾਭ
- ਜੇ ਤੁਸੀਂ ਤਮਾਖੂ ਨਹੀਂ ਪੀਂਦੇ ਤਾਂ ਤੁਹਾਨੂੰ ਘੱਟ ਪ੍ਰੀਮੀਅਮ ਦਾ ਲਾਭ ਦਿੰਦੀ ਹੈ
- ਹੇਠਾਂ ਲਿਖੇ ਰਾਈਡਰਜ਼ ਰਾਹੀਂ ਤੁਹਾਡਾ ਕਵਰੇਜ ਵਧਾਉਣ ਦਾ ਵਿਕਲਪ :
  - ਐਸਬੀਆਈ ਲਾਈਫ਼ – ਐਕਸੀਡੈਂਟਲ ਡੈੱਥ ਬੈਨੀਫਿਟ ਰਾਈਡਰ(UIN: 111B015V03)
  - ਐਸਬੀਆਈ ਲਾਈਫ਼ – ਐਕਸੀਡੈਂਟਲ ਟੋਟਲ ਐਂਡ ਪਰਮਾਨੈਂਟ ਡਿਸੇਬਿਲਿਟੀ ਬੈਨੀਫਿਟ ਰਾਈਡਰ (UIN: 111B016V03)
- ਮੈਡੀਗਾਈਡ ਇੰਡੀਆ ਦੁਆਰਾ ਮੈਡੀਕਲ ਸੈਕੰਡ ਓਪੀਨੀਅਨ ਸੇਵਾ ਪ੍ਰਾਪਤ ਕਰੋ, ਜਿਸ ਦੇ ਸਦਕਾ ਤੁਸੀਂ ਸ਼ਨਾਖ਼ਤ ਅਤੇ ਇਲਾਜ ਯੋਜਨਾਵਾਂ ਬਾਰੇ ਕਿਸੇ ਹੋਰ ਡਾਕਟਰ ਤੋਂ ਦੂਜੀ ਰਾਇ ਲੈ ਸਕਦੇ ਹੋ।
- ਆਮਦਨੀ ਕਰ ਕਾਨੂੰਨ, 1961 ਅਧੀਨ ਮੌਜੂਦਾ ਮਾਪਦੰਡਾਂ ਅਨੁਸਾਰ ਕਰ ਲਾਭ*

*ਟੈਕਸ ਲਾਭ ਇਨਕਮ ਟੈਕਸ ਕਾਨੂੰਨਾਂ ਦੇ ਅਨੁਸਾਰ ਹਨ ਅਤੇ ਸਮੇਂ–ਸਮੇਂ ਅਨੁਸਾਰ ਬਦਲ ਸਕਦੇ ਹਨ। ਹੋਰ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਕਰ ਸਲਾਹਕਾਰ ਨਾਲ ਸਲਾਹ–ਮਸ਼ਵਿਰਾ ਕਰ ਲਓ।

**ਕਿਰਪਾ ਕਰਕੇ ਚੇਤੇ ਰੱਖੋ : ਰਾਈਡਰ ਦੀ ਬੀਮੇ ਦੀ ਰਕਮ ਬੀਮੇ ਦੀ ਮੂਲ ਰਕਮ ਤੋਂ ਵੱਧ ਨਹੀਂ ਹੋ ਸਕਦੀ। ਇਹ ਰਾਈਡਰ ਲੈਵਲ ਟਰਮ ਐਸ਼ੁਰੰਸ ਅਤੇ ਇੰਕ੍ਰੀਜ਼ਿੰਗ ਟਰਮ ਐਸ਼ੁਰੰਸ ਪਲਾਨ ਦੋਹਾਂ ਵਿਕਲਪਾਂ ਨਾਲ ਮਿਲਦੇ ਹਨ। ਭਾਵੇਂ ਇਹ ਰਾਈਡਰ ਇੰਕ੍ਰੀਜ਼ਿੰਗ ਟਰਮ ਐਸ਼ੁਰੰਸ ਨਾਲ ਲਏ ਗਏ ਹੋਣ, ਫਿਰ ਵੀ ਇਨ੍ਹਾਂ ਲਈ ਲੈਵਲ ਸੁਰੱਖਿਆ ਮਿਲੇਗੀ।**

## ਉਦਾਹਰਣ

35 ਸਾਲਾਂ ਦੇ ਸ਼੍ਰੀ ਵਿਜੈ (ਨੌਨ–ਸਮੋਕਰ), ਜਿਹਨਾਂ ਨੂੰ ਹਮੇਸ਼ਾ ਚਿੰਤਾ ਰਹਿੰਦੀ ਹੈ ਕਿ ਜੇ ਉਹਨਾਂ ਨੂੰ ਕੁਝ ਹੋ ਗਿਆ ਤਾਂ ਉਹਨਾਂ ਦੇ ਪਰਿਵਾਰ ਦੀ ਆਰਥਿਕ ਆਤਮ–ਨਿਰਭਰਤਾ ਖ਼ਤਮ ਹੋ ਜਾਵੇਗੀ, ਕਿਉਂਕਿ ਉਹ ਹੀ ਆਪਣੇ ਪਰਿਵਾਰ ਦੇ ਇਕੋ–ਇਕ ਕਮਾਉਣ ਵਾਲੇ ਜੀਅ ਹਨ। ਉਹਨਾਂ ਨੇ ਐਸਬੀਆਈ ਲਾਈਫ਼ – ਈਸ਼ੀਲਡ ਖ਼ਰੀਦਣ ਦਾ ਫ਼ੈਸਲਾ ਲਿਆ ਹੈ।
ਆਓ ਅਸੀਂ ਵੇਖੀਏ ਕਿ ਕਿਵੇਂ ਐਸਬੀਆਈ ਲਾਈਫ਼ – ਈਸ਼ੀਲਡ ਉਹਨਾਂ ਦੇ ਪਰਿਵਾਰ ਨੂੰ ਆਰਥਿਕ ਰੂਪ ਵਿੱਚ ਸੁਰੱਖਿਅਤ ਰੱਖਣ ਵਿੱਚ ਮਦਦ ਕਰਦੀ ਹੈ।

**ਵਧਦਾ ਹੋਇਆ ਕਵਰ ਲਾਭ**

**ਸ਼ੁਰੂਆਤੀ ਬੀਮੇ ਦੀ ਰਕਮ : ₹50 ਲੱਖ, ਪਾਲਸੀ ਦੀ ਮਿਆਦ : 30 ਸਾਲ, ਸਾਲਾਨਾ ਪ੍ਰੀਮੀਅ : ₹9,350**




ਮੰਨ ਲਓ 6ਵੇਂ ਪਾਲਸੀ ਸਾਲ@ ਦੇ ਦੌਰਾਨ ਬਦਕਿਸਮਤੀ ਨਾਲ਼ ਉਹਨਾਂ ਦੀ ਮੌਤ ਦੇ ਮਾਮਲੇ ਵਿੱਚ ਅਦਾਯੋਗ ਬੀਮੇ ਦੀ ਰਕਮ ਹੋਵੇਗੀ ₹55,00,000. ਪਰ, ਜੇ 11ਵੇਂ ਪਾਲਸੀ ਸਾਲ@ ਵਿੱਚ ਮੌਤ ਹੁੰਦੀ ਹੈ ਤਾਂ ਅਦਾਯੋਗ ਰਕਮ ਹੋਵੇਗੀ ₹60,00,000 (₹50,00,000 + [2*10% *50,00,000])

*@ਬਸ਼ਰਤੇ ਸ਼ਨਾਖ਼ਤ ਦੀ ਮਿਤੀ ਜਾਂ ਮੌਤ ਦੀ ਮਿਤੀ, ਜੋ ਵੀ ਲਾਗੂ ਹੋਵੇ, ਵੇਲ਼ੇ ਪਾਲਸੀ ਜਾਰੀ ਹੋਵੇ।*

## ਪਲਾਨ ਉਤੇ ਇੱਕ ਨਜ਼ਰ

| | | |
|---|---|---|
| ਲਾਭ ਦਾ ਢਾਂਚੇ | • ਲੈਵਲ ਕਵਰ<br>• ਇੰਕ੍ਰੀਜ਼ਿੰਗ ਕਵਰ | |
| ਦਾਖ਼ਲੇ ਵੇਲੇ ਉਮਰ^ | **ਘੱਟੋ-ਘੱਟ :**<br>18 ਸਾਲ | **ਵੱਧ ਤੋਂ ਵੱਧ :**<br>**ਲੈਵਲ ਕਵਰ** : 65 ਸਾਲ<br>**ਇੰਕ੍ਰੀਜ਼ਿੰਗ ਕਵਰ** : 60 ਸਾਲ |
| ਮਿਆਦ ਪੂਰੀ ਹੋਣ ਵੇਲੇ ਉਮਰ^ | 80 ਸਾਲ ਲੈਵਲ ਕਵਰ ਲਾਭ ਲਈ<br>75 ਸਾਲ ਇੰਕ੍ਰੀਜ਼ਿੰਗ ਕਵਰ ਲਾਭ ਲਈ | |
| ਮੂਲ ਬੀਮੇ ਦੀ ਰਕਮ<br>(₹1,00,000 ਦੇ ਗੁਣਜਾਂ ਵਿੱਚ) | **ਘੱਟੋ-ਘੱਟ** : ₹35,00,000 | **ਵੱਧ ਤੋਂ ਵੱਧ** : ਕੋਈ ਸੀਮਾ ਨਹੀਂ ( ਬੋਰਡ ਦੁਆਰਾ ਮਨਜ਼ੂਰਸ਼ੁਦਾ ਅੰਡਰਰਾਈਟਿੰਗ ਪਾਲਸੀ ਅਧੀਨ) |
| ਪ੍ਰੀਮੀਅਮ ਭਰਣ ਦਾ ਵਕਫ਼ਾ | ਸਾਲਾਨਾ, ਛਿਮਾਹੀ, ਤਿਮਾਹੀ ਅਤੇ ਮਾਸਿਕ^^ | |
| ਗੈਰ-ਸਾਲਾਨਾ ਵਕਫ਼ਿਆਂ ਲਈ ਪ੍ਰੀਮੀਅਮ | ਛਿਮਾਹੀ : ਸਾਲਾਨਾ ਪ੍ਰੀਮੀਅਮ ਦਾ 51.00%<br>ਤਿਮਾਹੀ : ਸਾਲਾਨਾ ਪ੍ਰੀਮੀਅਮ ਦਾ 26.00%<br>ਮਾਸਿਕ : ਸਾਲਾਨਾ ਪ੍ਰੀਮੀਅਮ ਦਾ 8.50% | |
| ਪਾਲਸੀ ਦੀ ਮਿਆਦ | **ਘੱਟੋ-ਘੱਟ :**<br>**ਲੈਵਲ ਕਵਰ ਲਈ** : 5 ਸਾਲ<br>**ਇੰਕ੍ਰੀਜ਼ਿੰਗ ਕਵਰ ਲਈ** : 10 ਸਾਲ | **ਵੱਧ ਤੋਂ ਵੱਧ :**<br>**ਲੈਵਲ ਕਵਰ ਲਈ** :<br>80 ਸਾਲਾਂ ਮਨਫ਼ੀ ਦਾਖ਼ਲੇ ਵੇਲ਼ੇ ਉਮਰ^<br>**ਇੰਕ੍ਰੀਜ਼ਿੰਗ ਕਵਰ ਲਈ** :<br>75 ਸਾਲਾਂ ਮਨਫ਼ੀ ਦਾਖ਼ਲੇ ਵੇਲ਼ੇ ਉਮਰ^ |
| ਪ੍ਰੀਮੀਅਮ ਭਰਨ ਦੀ ਮਿਆਦ | ਜੋ ਪਾਲਸੀ ਦੀ ਮਿਆਦ ਹੈ | |
| $$ਪ੍ਰੀਮੀਅਮ ਦੀਆਂ ਰਕਮਾਂ | **ਘੱਟੋ-ਘੱਟ :**<br>ਸਾਲਾਨਾ : ₹2,779<br>ਛਿਮਾਹੀ : ₹1,418<br>ਤਿਮਾਹੀ : ₹723<br>ਮਾਸਿਕ^^ : ₹237 | **ਵੱਧ ਤੋਂ ਵੱਧ :**<br>ਕੋਈ ਸੀਮਾ ਨਹੀਂ ( ਬੋਰਡ ਦੁਆਰਾ ਮਨਜ਼ੂਰਸ਼ੁਦਾ ਅੰਡਰਰਾਈਟਿੰਗ ਪਾਲਸੀ ਅਧੀਨ) |

*^ਹਰ ਥਾਂ ਉਮਰ ਦਾ ਮਤਲਬ ਹੈ ਪਿਛਲੇ ਜਨਮ-ਦਿਨ ਵੇਲੇ ਉਮਰ।*

*^^ਮਾਸਿਕ ਵਕਫ਼ੇ ਲਈ, 3 ਮਹੀਨਿਆਂ ਤਕ ਦਾ ਪ੍ਰੀਮੀਅਮ ਅਗਾਊਂ ਦੇਣਾ ਹੋਵੇਗਾ। ਅਗਲੇ ਪ੍ਰੀਮੀਅਮ ਦੀ ਅਦਾਇਗੀ ਕੇਵਲ ਇਲੈਕਟ੍ਰੌਨਿਕ ਕਲੀਅਰਿੰਗ ਸਿਸਟਮ (ECS) ਜਾਂ ਪੱਕੀਆਂ ਹਦਾਇਤਾਂ (ਜਿੱਥੇ ਅਦਾਇਗੀ ਬੈਂਕ ਖਾਤੇ ਦੇ ਡਾਇਰੈਕਟ ਡੈਬਿਟ ਜਾਂ ਕ੍ਰੈਡਿਟ ਕਾਰਡ ਦੁਆਰਾ ਕੀਤੀ ਜਾਂਦੀ ਹੈ) ਰਾਹੀਂ। ਮਾਸਿਕ ਸੈਲਰੀ ਸੇਵਿੰਗ ਸਕੀਮ (SSS) ਲਈ 2 ਮਹੀਨੇ ਤਕ ਦਾ ਪ੍ਰੀਮੀਅਮ ਪੇਸ਼ਗੀ ਭਰਨਾ ਚਾਹੀਦਾ ਹੈ ਅਤੇ ਨਵੀਨੀਕਰਣ ਪ੍ਰੀਮੀਅਮ ਭਰਣ ਦੀ ਇਜਾਜ਼ਤ ਕੇਵਲ ਵੇਤਨ ਕਟੌਤੀ ਰਾਹੀਂ ਹੈ।*

*$$ਉਪਰ ਵਿਖਾਏ ਗਏ ਪ੍ਰੀਮੀਅਮ ਲਾਗੂ ਕਰਾਂ ਤੋਂ ਬਿਨਾਂ ਹਨ ਅਤੇ ਅੰਡਰਰਾਈਟਿੰਗ ਵੱਖਰਾ ਹੈ। ਕਰ ਮੌਜੂਦਾ ਕਰ ਕਾਨੂੰਨਾਂ ਦੇ ਅਨੁਸਾਰ ਲਾਗੂ ਹੋਣਗੇ।*

**ਛੋਟਾਂ ਦੀ ਮਨਾਹੀ :**

**ਸਮੇਂ-ਸਮੇਂ ਤੇ ਸੋਧੀ ਬੀਮਾ ਕਾਨੂੰਨ, 1938 ਦੀ ਧਾਰਾ 41 ਕਹਿੰਦੀ ਹੈ :**

(1) ਕੋਈ ਵੀ ਵਿਅਕਤੀ, ਕਿਸੇ ਵੀ ਵਿਅਕਤੀ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਭਾਰਤ ਵਿੱਚ ਜੀਵਨ ਜਾਂ ਜਾਇਦਾਦ ਸਬੰਧੀ ਕਿਸੇ ਵੀ ਤਰ੍ਹਾਂ ਦੇ ਜੋਖਮ ਦਾ ਬੀਮਾ ਕਰਵਾਉਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ ਕਿਸੇ ਤਰ੍ਹਾਂ ਦਾ ਲਾਲਚ ਨਹੀਂ ਦੇਵੇਗਾ ਜਾਂ ਪੇਸ਼ ਨਹੀਂ ਕਰੇਗਾ, ਭਾਵੇਂ ਇਹ ਮਿਲਣ ਵਾਲੇ ਕਮਿਸ਼ਨ ਦੇ ਪੂਰੇ ਜਾਂ ਇਕ ਹਿੱਸੇ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਜਾਂ ਪਾਲਸੀ ਉੱਤੇ ਵਿਖਾਏ ਗਏ ਪ੍ਰੀਮੀਅਮ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਅਤੇ ਨਾ ਹੀ ਕੋਈ ਵਿਅਕਤੀ ਪਾਲਸੀ ਲੈਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ, ਸਿਰਫ਼ ਉਸ ਛੂਟ ਨੂੰ ਛੱਡ ਕੇ ਕੋਈ ਹੋਰ ਛੋਟ ਸਵੀਕਾਰ ਕਰੇਗਾ, ਜੋ ਛਪੀ ਹੋਈ ਪ੍ਰਾਸਪੈਕਟਸ ਜਾਂ ਬੀਮਾਕਰਤਾ ਦੀ ਸੂਚੀ ਅਨੁਸਰ ਦਿੱਤੀ ਜਾ ਸਕਦੀ ਹੋਵੇ।

(2) ਅਜਿਹਾ ਕੋਈ ਵੀ ਵਿਅਕਤੀ ਜੋ ਇਸ ਧਾਰਾ ਦੀਆਂ ਸ਼ਰਤਾਂ ਉੱਤੇ ਅਮਲ ਕਰਨ ਵਿੱਚ ਅਣਗਹਿਲੀ ਕਰਦਾ ਹੈ, ਉਹ ਦੰਡ ਦਾ ਪਾਤਰ ਹੋਵੇਗਾ, ਜੋ ਦਸ ਲੱਖ ਰੁਪਏ ਤਕ ਹੋ ਸਕਦਾ ਹੈ।

Toll Free: **1800 103 4294** | SMS - **'Ebuy eS' to 56161** | Visit us at: **www.sbilife.co.in** | E-mail: **online.cell@sbilife.co.in**

(Between 8.30 am & 9.30 pm)

Follow us on: /sbilifeinsurance | /sbilifeinsurance | /sbilife

**ਨਕਲੀ ਫੋਨ ਕਾਲਾਂ ਅਤੇ ਕਾਲਪਨਿਕ ਅਤੇ ਧੋਖਾਧੜੀ ਵਾਲੀਆਂ ਪੇਸ਼ਕਸ਼ਾਂ ਤੋਂ ਸਾਵਧਾਨ ਰਹੋ :**

IRDAI ਬੀਮਾ ਪਾਲਿਸੀਆਂ ਦੀ ਵਿੱਕਰੀ, ਬੋਨਸ ਦੀ ਘੋਸ਼ਣਾ ਜਾਂ ਪ੍ਰੀਮਿਅਮਾਂ ਦੇ ਨਿਵੇਸ਼ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਨਹੀਂ ਹੈ। ਅਜਿਹੀਆਂ ਕਾਲਾਂ ਪ੍ਰਾਪਤ ਕਰਨ ਵਾਲੀ ਜਨਤਾ ਨੂੰ ਪੁਲਿਸ ਕੋਲ ਸ਼ਿਕਾਇਤ ਦਰਜ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

ਜੋਖਮ ਕਾਰਕਾਂ, ਨਿਯਮਾਂ ਅਤੇ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਵਿੱਕਰੀ ਮੁਕੰਮਲ ਹੋਣ ਤੋਂ ਪਹਿਲਾਂ ਵਿੱਕਰੀ ਪਰਚਾ ਧਿਆਨ ਨਾਲ ਪੜ੍ਹ ਲਓ। ਰਾਈਡਰਸ, ਨਿਯਮਾਂ ਅਤੇ ਸ਼ਰਤਾਂ ਤੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਰਾਈਡਰਸ ਬ੍ਰੋਸ਼ਰ ਪੜ੍ਹ ਲਓ। ਉੱਪਰ ਵਿਖਾਇਆ ਗਿਆ ਟਰੇਡ ਲੋਗੋ ਭਾਰਤੀ ਸਟੇਟ ਬੈਂਕ ਦੀ ਸੰਪੱਤੀ ਹੈ ਅਤੇ ਐਸਬੀਆਈ ਲਾਈਫ਼ ਦੁਆਰਾ ਲਾਈਸੈਂਸ ਅਧੀਨ ਵਰਤਿਆ ਗਿਆ ਹੈ। ਇਸ ਵਿਕ੍ਰੀ ਸਾਹਿਤ ਦਾ ਅਨੁਵਾਦ ਗਾਹਕ ਦੀ ਸਹੂਲਤ ਲਈ ਕੀਤਾ ਗਿਆ ਹੈ। ਜੇ ਕਿਸੇ ਸ਼ਬਦ/ਬਿਆਨ ਵਿਚ ਅਣਜਾਣੇ ਵਿਚ ਕੋਈ ਫ਼ਰਕ ਰਹਿ ਗਿਆ ਹੋਵੇ, ਤਾਂ ਹਮੇਸ਼ਾ ਅੰਗ੍ਰੇਜ਼ੀ ਰੂਪ ਨੂੰ ਸਹੀ ਮੰਨਿਆ ਜਾਵੇਗਾ। ਐਸਬੀਆਈ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਿਟੇਡ, ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ : ਨਟਰਾਜ, ਐਮ. ਵੀ. ਰੋਡ ਅਤੇ ਵੈਸਟਰਨ ਐਕਸਪ੍ਰੈਸ ਹਾਈਵੇ ਜੰਕਸ਼ਨ, ਅੰਧੇਰੀ (ਪੂਰਬ), ਮੁੰਬਈ-400 069. **IRDAI ਰਜਿਸਟ੍ਰੇਸ਼ਨ ਨੰਬਰ 111**. CIN : L99999MH2000PLC129113.

1G.ver.02-06-20 SP PUN